# ਅਮੋਨੀਅਮ ਨਾਈਟਰੇਟ ਲਈ ਕਾਨੂੰਨ: ਕਿਸਾਨਾਂ/ਪ੍ਰਾਈਮਰੀ ਪ੍ਰਡਿਊਸਰਾਂ ਵਾਸਤੇ ਖੋਜ ਪਤੱਰ

## ਲਾਇਸੈਂਸ ਦੀ ਨਵੀਂ ਪ੍ਰਣਾਲੀ

ਅਮੋਨੀਅਮ ਨਾਈਟਰੇਟ ਵਿਸਫੋਟਕਾਂ ਵਿੱਚ ਵਰਤੀ ਜਾ ਸਕਦੀ ਹੈ ਅਤੇ ਅੱਤਵਾਦ ਲਈ ਇਸਦੀ ਵਰਤੋਂ ਦਾ ਇਤਿਹਾਸ ਹੈ। ਰਾਸ਼ਟਰੀ ਸੁੱਰਖਿਆ ਦੇ ਮੰਤਵ ਦੇ ਮੁਦੇ-ਨਜ਼ਰ 25 ਜੂਨ 2004 ਨੂੰ ਸਾਰੀਆਂ ਆਸਟ੍ਰੇਲੀਅਨ ਸਰਕਾਰਾਂ ਰਾਸ਼ਟਰੀ ਪੱਧਰ ਉੱਤੇ ਸੁੱਰਖਿਆ ਲਈ ਖਤਰਨਾਕ ਅਮੋਨੀਅਮ ਨਾਈਟਰੇਟ (ਐਸ.ਐਸ.ਏ.ਐਨ) ਦੀ, ਖਾਸ ਮਨਜ਼ੂਰਸ਼ੁਦਾ ਖਪਤਕਾਰਾਂ ਤੋਂ ਛੁੱਟ, ਆਮ ਵਰਤੋਂ ਤੇ ਪਾਬੰਦੀ ਲਾਣ ਲਈ ਰਾਜੀ ਹੋ ਗਈਆਂ।

ਇਸ ਸਮਝੌਤੇ ਦੇ ਨਤੀਜੇ ਵਜੋਂ ਹਰ ਰਾਜ ਅਤੇ ਟੈਰੀਟਰੀ ਨੇ ਐਸ.ਐਸ.ਏ.ਐਨ ਦੀ ਵਰਤੋਂ, ਜਮ੍ਹਾਂ ਅਤੇ ਢੋਹਣ ਸੰਬੰਧੀ ਲਾਇਸੈਂਸ ਪ੍ਰਣਾਲੀ ਦੀ ਸ਼ੁਰੂਆਤ ਕੀਤੀ ਹੈ। ਲਾਇਸੈਂਸ ਪ੍ਰਣਾਲੀ ਇਹ ਯਕੀਨੀ ਬਣਾਏਗੀ ਕਿ ਐਸ.ਐਸ.ਏ.ਐਨ. ਸਿਰਫ ਉਹਨਾਂ ਵਿਆਕਤੀਆਂ ਨੂੰ ਮਿਲੇਗੀ ਜੋ ਇਸਨੂੰ ਸਹੀ ਤਰੀਕੇ ਨਾਲ ਜਮ੍ਹਾਂ ਰੱਖਣਗੇ ਅਤੇ ਇਸਨੂੰ ਸਹੀ ਅਤੇ ਸੁੱਰਿਖਅਤ ਤਰੀਕੇ ਨਾਲ ਇਸਤੇਮਾਲ ਕਰਨਗੇ।

## ਕੀ-ਕੀ ਕਾਨੂੰਨ ਦੇ ਅਧੀਨ ਕੀਤਾ ਹੈ?

''ਐਸ.ਐਸ.ਏ.ਐਨ'' ਵਿੱਚ ਤਰਲ ਅਤੇ ਕਲਾਸ 1 ਵਿਸਫੋਟਕਾਂ ਨੂੰ ਛੱਡ ਕੇ ਅਮੋਨੀਅਮ ਨਾਈਟਰੇਟ (ਜਿਵੇਂ 100%, ਸ਼ੁੱਧ ਅਮੋਨੀਅਮ ਨਾਈਟਰੇਟ), ਅਮੋਨੀਅਮ ਨਾਈਟਰੇਟ ਤੋਂ ਬਣੇ ਘੋਲ ਅਤੇ ਅਮੋਨੀਅਮ ਨਾਈਟਰੇਟ ਦੇ ਮਿਸ਼ਰਣ ਜਿਹਨਾਂ ਵਿੱਚ ਅਮੋਨੀਅਮ ਨਾਈਟਰੇਟ ਦੀ ਮਾਤਰਾ 45% ਤੋਂ ਵਧੇਰੇ ਹੈ ਆਉਂਦੇ ਹਨ। ਇਹਨਾਂ ਵਿੱਚ ਤੱਤ ਜਿਵੇਂ ਕੈਲਸ਼ੀਅਮ ਨਾਈਟਰੇਟ ਅਤੇ ਖਤਰਨਾਕ ਪਦਾਰਥ ਵਾਲੇ ਯੂ.ਐਨ. ਨੰਬਰ 1942, 2067, 2068, 2069, 2070, 2071, 2072, 3375 ਅਤੇ 3139 (ਜਿੱਥੇ ਲਾਗੂ ਹੋਣ) ਆਉਂਦੇ ਹਨ। ਹੇਠ ਦਿੱਤੇ ਸੂਚੀ ਪਹਾੜੇ ਦੱਸਦੇ ਹਨ:

## ਐਸ.ਐਸ.ਏ.ਐਨ ਖਾਦਾਂ

ਟੇਬਲ 1. ਅਮੋਨੀਅਮ ਨਾਈਟਰੇਟ (ਏ.ਐਨ)
ਟੇਬਲ 2. ਕੈਲਸ਼ੀਅਮ ਅਮੋਨੀਅਮ ਨਾਈਟਰੇਟ (ਕੇ.ਏ.ਐਨ)
ਟੇਬਲ 3. ਏ.ਐਨ. ਅਤੇ ਕੇ.ਏ.ਐਨ. ਦੇ ਸਾਰੇ ਮਿਸ਼ਰਣ

**ਟੇਬਲ 1**

| ਅਮੋਨੀਅਮ ਨਾਈਟਰੇਟ ਮਿਸ਼ਰਣ | |
|---|---|
| ਗਰੋ ਫੋਰਸ ਦਾ ਨਾਮ | ਏ.ਐਨ. ਪ੍ਰਤੀਸ਼ਤ |
| Nitra Force 601 | 55 |
| Nitra Force 605 | 65 |
| Nitra Force 606 | 60 |
| Nitra Force 608 | 60 |
| Nitra Force 609 | 63 |
| Nitra Force 615 | 65 |
| Nitra Force 616 | 60 |
| Nitra Force 620 | 60 |
| Nitra Force 635 | 53 |
| Nitra Force 640 | 60 |
| Nitra Force 641 | 60 |
| Nitra Force 642 | 50 |
| Nitra Force 643 | 59 |
| Nitra Force 654 | 65 |
| Nitra Force 17-0-21 | 50 |
| Nitra Force 19-1-8 | 55 |
| Nitra Force 19-8-10 | 46 |
| Nitra Force 20-0-15+Mg | 59 |
| Nitra Force 20-0-16-7 | 60 |
| Nitra Force 20-0-20 | 60 |
| Nitra Force 21-3-15 | 55 |
| Nitra Force 22-3-8 | 61 |
| Nitra Force 22-3-14 | 60 |
| Nitra Force 23-6-5 | 50 |
| Nitra Force 27-9-0 | 54 |

**ਟੇਬਲ 2**

| ਇਨਸੀਟੈੱਕ ਪਿਵਟ ਦੇ ਨਾਮ | ਏ.ਐਨ. ਪ੍ਰਤੀਸ਼ਤ |
|---|---|
| Accelerator | 50 |
| Aftergraze | 61 |
| Aftermow | 61 |
| Anchor Plus | 51 |
| Bumpabunch | 60 |
| Greengraze | 50 |
| Hortram K | 59 |
| Hortram K (Fe) | 57 |
| Nitram 135 | 53 |
| Nitram 140 | 60 |
| Nitram 140(S) | 60 |
| Nitram 150 | 55 |
| Nitram 160 | 63 |
| Nitram 50/50 | 60 |
| Nitram 50/50(S) | 60 |
| Nitram 700 | 65 |
| Nitram Hi-N Ratooner | 60 |
| Nitram Hi-P Ratooner | 50 |
| Nitram K | 65 |
| Nitram K(S) | 65 |
| Nitram Ratooner | 65 |
| Nitram SOP | 65 |
| Prodress | 55 |
| Speed | 54 |
| Swift | 46 |

**ਟੇਬਲ 3**

| ਕੈਲਸ਼ੀਅਮ ਅਮੋਨੀਅਮ ਨਾਈਟਰੇਟ ਮਿਸ਼ਰਣ | |
|---|---|
| ਇਨਸੀਟੈੱਕ ਪਿਵਟ ਦੇ ਨਾਮ | ਏ.ਐਨ. ਪ੍ਰਤੀਸ਼ਤ |
| Cal-Am 135 | 64 |
| Cal-Am 140 | 50 |
| Cal-Am 150 | 48 |
| Cal-Am 50/50 | 52 |
| Cal-Am K(S) | 52 |
| Cal-Am Nitra K | 59 |
| Cal-Am Nitra King | 59 |
| Green 1 | 45 |
| Green 2 | 54 |
| Green 3 | 68 |
| Green 4 | 55 |
| Green 5 | 52 |
| Nitrogreen M 20 | 54 |
| Nitrogreen M 20(S) | 45 |
| Nitrogreen M 35 | 60 |
| Nitrogreen M 40 | 52 |
| Nitrogreen M 40(S) | 48 |
| Nitrogreen M 50 | 48 |
| Nitrogreen M 50/50 | 52 |
| Nitrogreen M K(S) | 52 |
| ਸਿਰਫ ਉਹ ਮਿਸ਼ਰਨ ਲਿਖੇ ਹਨ ਜਿਹਨਾਂ ਵਿੱਚ 56% ਕੇ.ਏ.ਐਨ ਤੋਂ ਵਧੇਰੇ ਹੈ, ਜੋ 45% ਏ.ਐਨ ਦੇ ਬਰਾਬਰ ਬਣਦਾ ਹੈ। | |

ਇਹਨਾਂ ਸੂਚੀਆਂ ਵਿੱਚ, ਜੋ ਪੱਕੀਆਂ ਨਹੀਂ, ਫਰਟੀਲਾਈਜ਼ਰ ਇੰਡਸਟਰੀ ਫੈਡਰੇਸ਼ਨ ਆਫ ਆਸਟ੍ਰੇਲੀਆ(ਐਫ.ਆਈ.ਐਫ.ਏ.) ਵਲੋਂ ਦਿੱਤੀ ਜਾਣਕਾਰੀ ਹੈ ਜਿਸ ਵਿੱਚ ਇਨਸੀਟੈੱਕ ਪਿਵਟ ਲਿਮਿਟਿਡ, ਗਰੋ ਫੋਰਸ, ਹਾਈ-ਫਰਟ ਅਤੇ ਸੰਮਿਟ, ਅਤੇ ਹੋਰ ਕੁੱਝ ਛੋਟੀਆਂ ਕੰਪਨੀਆਂ ਨੇ ਯੋਗਦਾਨ ਪਾਇਆ ਹੈ।

## ਐਸ.ਐਸ.ਏ.ਐਨ. ਤੇ ਪਾਬੰਦੀ ਕਿਉਂ ਨਾ ਲਾ ਦਿੱਤੀ ਜਾਵੇ?

ਖਾਨਾਂ ਦਾ ਉਦਯੋਗ ਅਮੋਨੀਅਮ ਨਾਈਟਰੇਟ ਉੱਤੇ ਨਿਰਭਰ ਕਰਦਾ ਹੈ ਅਤੇ ਪੂਰੀ ਪਾਬੰਦੀ ਲਾਉਣਾ ਸਹੀ ਤਰੀਕਾ ਨਹੀਂ ਸੀ। ਹਾਲਾਂਕਿ ਸਰਕਾਰਾਂ ਨੇ ਖੇਤੀਬਾੜੀ ਵਿੱਚ ਵਰਤੋਂ ਬਾਰੇ ਵਿਚਾਰ ਕੀਤਾ, ਕਈਆਂ ਨੇ ਫੈਸਲਾ ਕੀਤਾ

ਕਿ ਢੁੱਕਵਾਂ ਅਤੇ ਸਹੀ ਹੱਲ ਅਮੋਨੀਅਮ ਨਾਈਟਰੇਟ ਸਿਰਫ਼ ਸਹੀ ਵਰਤੋਂ ਕਰਨ ਵਾਲ਼ਿਆਂ ਲਈ ਉਪਲੱਬਧ ਹੋਣੀ ਚਾਹੀਦੀ ਹੈ ਜੋ ਸੁੱਰਖਿਆ ਲਈ ਖਤਰਾ ਨਹੀਂ ਅਤੇ ਇਸਨੂੰ ਸੁੱਰਿਖਅਤ ਜਮ੍ਹਾਂ ਅਤੇ ਢੋਹ ਸਕਣ ਦੇ ਸਮਰੱਥ ਹਨ।
**ਨੋਟ: 1 ਜੁਲਾਈ 2005 ਤੋਂ ਤਸਮਾਨੀਆ ਵਿੱਚ ਖੇਤੀਬਾੜੀ ਲਈ ਐਸ.ਐਸ.ਏ.ਐਨ. ਉੱਤੇ ਪਾਬੰਦੀ ਹੈ।**

**ਕੀ ਹੋਰ ਖਾਦਾਂ ਲਈ ਵੀ ਕਾਨੂੰਨ ਹਨ?**
ਐਸ.ਐਸ.ਏ.ਐਨ. ਦਾ ਕਾਨੂੰਨ ਪਹਿਲਾ ਕਦਮ ਹੈ ਜੋ ਇਸ ਵੇਲੇ ਸਾਰੀਆਂ ਆਸਟ੍ਰੇਲੀਅਨ ਸਰਕਾਰਾਂ ਵਲੋਂ ਸਾਰੇ ਖਤਰਨਾਕ ਤੱਤਾਂ ਦਾ ਮੁਆਇਨਾ ਕੀਤਾ ਜਾ ਰਿਹਾ ਹੈ। ਹੋਰ ਦਵਾਈਆਂ, ਕੀਟਾਣੂ-ਪਦਾਰਥ ਅਤੇ ਰੇਡੀਔਲੋਜੀ ਪਦਾਰਥ ਵੀ ਇਸ ਮੁਆਇਨੇ ਵਿੱਚ ਘੋਖੇ ਜਾਣਗੇ। ਇਸ ਪ੍ਰਣਾਲੀ ਵਿੱਚ ਕੁਝ ਹੋਰ ਪਦਾਰਥ ਵੀ ਸਰਕਾਰੀ ਕਾਨੂੰਨ ਲਈ ਪਹਿਚਾਣੇ ਜਾ ਸਕਦੇ ਹਨ।

**ਐਸ.ਐਸ.ਏ.ਐਨ. ਵਰਤਣ ਲਈ ਕਿਸਨੂੰ ਲਾਇਸੈਂਸ ਚਾਹੀਦਾ ਹੈ?**
ਹਰ ਰਾਜ ਅਤੇ ਟੈਰੀਟਰੀ ਨੇ ਲਾਇਸੈਂਸ ਪ੍ਰਣਾਲੀ ਨੂੰ ਲਾਗੂ ਕਰਨ ਦਾ ਪ੍ਰਣ ਕੀਤਾ ਹੈ ਜੋ ਕਿ ਐਸ.ਐਸ.ਏ.ਐਨ. ਦੀ ਆਮਦ, ਬਰਾਮਦ, ਸਟੋਰੇਜ, ਢੋਹਣ, ਵਿਕਰੀ, ਸਪਲਾਈ, ਖਰੀਦ, ਕਬਜ਼ਾ, ਵਰਤੋਂ ਅਤੇ ਖਤਮ ਕਰਨ ਤੇ ਲਾਗੂ ਹੋਵੇਗਾ।

ਲਾਇਸੈਂਸ ਸਿਰਫ ਉਹਨਾਂ ਨੂੰ ਮਿਲਣਗੇ ਜੋ:

- ਇਹ ਸਾਬਿਤ ਕਰ ਸਕਣ ਕਿ ਉਹਨਾਂ ਨੂੰ ਐਸ.ਐਸ.ਏ.ਐਨ ਦੀ ਸਹੀ ਲੋੜ ਹੈ;
- ਇਸਨੂੰ ਸੁੱਰਿਖਅਤ ਜਮ੍ਹਾਂ ਅਤੇ ਢੋਹ ਸਕਣ (ਜਮ੍ਹਾਂ ਕਰਨ ਦੀ ਜਗ੍ਹਾ ਦਾ ਸੁੱਰਖਿਆ ਨਕਸ਼ਾ ਦੇਣਾ ਪਵੇਗਾ); ਅਤੇ
- ਸੁੱਰਖਿਆ ਦੇ ਲਈ ਖਤਰਾ ਨਹੀਂ ਹਨ (ਸਾਰੇ ਅਰਜੀਕਰਤਾਵਾਂ ਦੀ ਪੁਲਿਸ ਅਤੇ ਏ.ਐਸ.ਆਈ.ਓ. ਤਪਦੀਸ਼ ਕਰਨੀ ਪਵੇਗੀ)।

ਐਸ.ਐਸ.ਏ.ਐਨ ਦੀ ਇੱਕ ਤੋ ਵੱਧ ਗਤੀਵਿਧੀਆਂ ਲਈ ਸ਼ਾਇਦ ਵੱਖਰੇ-ਵੱਖਰੇ ਲਾਇਸੈਂਸ ਦੀ ਲੋੜ ਨਾ ਪਵੇ। ਇੱਕ ਤੋਂ ਵਧੇਰੇ ਗਤੀਵਿਧੀਆਂ ਲਈ ਲਾਇਸੈਂਸ ਜਾਰੀ ਕੀਤਾ ਜਾ ਸਕਦਾ ਹੈ ਅਤੇ ਤੁਹਾਨੂੰ ਆਪਣੀਆਂ ਗਤੀਵਿਧੀਆਂ ਦੇ ਵਿਸਥਾਰ ਨਾਲ ਲੈ ਕੇ ਆਪਣੇ ਰਾਜ ਜਾਂ ਟੈਰੀਟਰੀ ਦੇ ਸੰਬੰਧਿਤ ਕਾਨੂੰਨੀ ਅਦਾਰੇ ਨਾਲ ਸਲਾਹ ਕਰਨੀ ਚਾਹੀਦੀ ਹੈ (ਹੇਠਾਂ ਦੇਖੋ)

ਜੇ ਐਸ.ਐਸ.ਏ.ਐਨ ਦੀ ਵਰਤੋਂ ਤੁਸੀਂ ਇੱਕ ਤੋਂ ਵੱਧ ਰਾਜ ਜਾਂ ਟੈਰੀਟਰੀ ਵਿੱਚ ਕਰਨੀ ਹੈ ਤਾਂ ਤੁਹਾਨੂੰ ਹਰ ਉਸ ਰਾਜ ਅਤੇ ਟੈਰੀਟਰੀ ਤੋਂ ਲਾਇਸੈਂਸ ਲੈਣਾ ਪਵੇਗਾ।

**ਐਸ.ਐਸ.ਏ.ਐਨ. ਦੇ ਉਪਭੋਗੀਆਂ ਦਾ ਪੁਲਿਸ ਅਤੇ ਸੁੱਰਖਿਆ ਜਾਂਚ ਕਿਉਂ ਹੋਵੇਗੀ?**
ਸਰਕਾਰਾਂ ਲਈ ਜਰੂਰੀ ਹੈ ਕਿ ਉਪਭੋਗੀ ਸੁੱਰਖਿਆ ਲਈ ਖਤਰਾ ਨਹੀਂ ਹਨ। ਇਹ ਜਾਂਚਾਂ ਕੋਈ ਆਸਾਧਾਰਣ ਨਹੀਂ ਹਨ ਅਤੇ ਕਿਸੇ ਨੂੰ ਖਾਸ ਕੰਮ ਲਈ ਇਜ਼ਾਜਤ ਦੇਣ ਤੋਂ ਪਹਿਲਾਂ ਆਮ ਹੁੰਦੀ ਹੈ।

**ਜੇ ਮੈਂ ਸੁੱਰਖਿਆ ਜਾਂਚ 'ਚ ਫੇਲ ਹੋ ਜਾਵਾਂ, ਕੀ ਮੈਂ ਅਪੀਲ ਕਰ ਸਕਦਾ ਹਾਂ?**
ਹਾਂ, ਹਰ ਕੋਈ ਜਿਸਨੂੰ ਸੁੱਰਖਿਆ ਜਾਂਚ ਵਿੱਚ ਹਾਂ ਜਾਂ ਨਾਂਹ ਹੁੰਦਾ ਹੈ ਉਸ ਨੂੰ ਕਾਰਨ ਵੀ ਦੱਸੇ ਜਾਂਦੇ ਹਨ ਅਤੇ ਐਡਮਿਨਸਟਰੇਸ਼ਨ ਅਪੀਲਸ ਟਰਬਿਊਨਲ ਕੋਲ ਅਪੀਲ ਕਰ ਸਕਦਾ ਹੈ।

**ਮੈਨੂੰ ਲਾਇਸੈਂਸ ਕਿਸ ਤਰਾਂ ਮਿਲੇਗਾ?**
ਹਰ ਰਾਜ ਅਤੇ ਟੈਰੀਟਰੀ ਵਿੱਚ ਸੰਬੰਧਿਤ ਕਾਨੂੰਨੀ ਆਦਾਰਿਆਂ ਵਲੋਂ ਅਰਜ਼ੀਆਂ ਲਈਆਂ ਅਤੇ ਲਾਇਸੈਂਸ ਦਿੱਤੇ ਜਾਣਗੇ। ਆਪਣੇ ਰਾਜ ਜਾਂ ਟੈਰੀਟਰੀ ਵਿੱਚ ਕਾਨੂੰਨੀ ਆਦਾਰਾ ਲੱਭਣ ਲਈ, ਹੇਠ ਦਿੱਤੇ ਸੂਚੀ ਟੇਬਲ ਦੇਖੋ।

ਕਾਨੂੰਨੀ ਆਦਾਰੇ

| |
|---|
| **ਐਨ.ਐਸ.ਡਬਲਿਯੂ.** ਵਰਕ-ਕਵਰ ਅਸਿਸਟੈਂਸ ਸਰਵਿਸ<br>ਫੋਨ: 131 050<br>ਈ-ਮੇਲ: contact@workcover.nsw.gov.au |
| **ਵਿਕਟੋਰੀਆ** ਡੇਂਜਰਸ ਗੁੱਡਸ ਯੂਨਿਟ ਵਰਕਸੇਫ ਵਿਕਟੋਰੀਆ<br>ਫੋਨ: 03 9641 1555<br>ਈ-ਮੇਲ: info@workcover.vic.gov.au |
| **ਕਿਊਨਸਲੈਂਡ** ਚੀਫ ਇੰਨਸਪੈਕਟਰ ਆਫ਼ ਐਕਸਪਲੋਸਿਵਸ<br>ਡੀਪਾਰਟਮੈਂਟ ਆਫ਼ ਨੈਚੂਰਲ ਰੀਸੋਰਸਿਸ ਐਂਡ ਮਾਈਨਸ<br>ਫੋਨ: 07 32371386<br>ਫੈਕਸ: 07 32354395<br>ਈ-ਮੇਲ explosives@nrm.qld.gov.au<br>ਵੈਬਸਾਈਟ: nrm.qld.gov.au/mines/explosives |
| **ਵੈਸਟਰਨ** ਆਸਟ੍ਰੇਲੀਅਨ ਸੇਫਟੀ ਐਂਡ ਹੈੱਲਥ ਡਵੀਜ਼ਨ<br>ਡੀਪਾਰਟਮੈਂਟ ਆਫ਼ ਇੰਡਸਟਰੀ ਐਂਡ ਰੀਸੋਰਸਿਸ<br>ਕਾਲ ਸੈਂਟਰ ਫੋਨ: 08 9222 3413<br>ਕਾਲ ਸੈਂਟਰ ਫੈਕਸ ਨੰਬਰ: 08 9222 3525<br>ਈ-ਮੇਲ: edg@doir.wa.gov.au |
| **ਸਾਊਥ ਆਸਟ੍ਰੇਲੀਆ** ਵਰਕਪਲੇਸ ਸਰਵਸਿਸ<br>ਡੀਪਾਰਮੈਂਟ ਫ਼ਾਰ ਐਡਮਨੀਸਟਰੇਸ਼ਨ ਐਂਡ ਇੰਨਫਰਮੇਸ਼ਨ ਸਰਵਿਸ<br>ਜਾਣਕਾਰੀ ਸੇਵਾ: 1300 365 255<br>ਰਿਸੈਪਸ਼ਨ ਫੋਨ: 08 8303 0400<br>ਰਿਸੈਪਸ਼ਨ ਫੈਕਸ: 08 8303 0423<br>ਵੈਬਸਾਈਟ: www.Eric.sa.gov.au |
| **ਤਸਮਾਨੀਆ** ਹੈਲਪਲਾਈਨ<br>ਵਰਕਪਲੇਸ ਸਟੈਂਡਰਡਸ ਤਸਮਾਨੀਆ<br>PO Box 56<br>Rosny Park TAS 7018<br>ਫੋਨ: 1300 366 322 (ਲੋਕਲ ਰੇਟ)<br>ਫੋਨ: 03 6233 7657 (ਤਸਮਾਨੀਆ ਤੋਂ ਬਾਹਰ)<br>ਫੈਕਸ: 03 6233 8338<br>ਵੈਬਸਾਈਟ: www.wst.tas.gov.au |
| **ਨਾਰਦਰਨ ਟੈਰੀਟਰੀ** ਐਨ.ਟੀ. ਵਰਕਸੇਫ<br>ਫੋਨ: 1800 019 115<br>ਈ-ਮੇਲ: ntworksafe.deet@nt.gov.au<br>ਵੈਬਸਾਈਟ: www.worksafe.nt.gov.au |
| **ਏ.ਸੀ.ਟੀ.** ਏ.ਸੀ.ਟੀ. ਵਰਕ-ਕਵਰ<br>ਡੇਂਜਰਸ ਸਬਸਟਾਂਸਿਸ, ਗੈਸ & ਪਲਾਂਟ ਯੂਨਿਟ<br>PO Box 224<br>CIVIC SQUARE ACT 2608<br>ਫੋਨ: 02 6205 0200<br>ਫੈਕਸ: 02 6205 0336<br>ਈ-ਮੇਲ: workcover@act.gov.au |

**ਨੋਟ: ਹਰ ਕੇਸ ਲਈ ਅਨੁਵਾਦ ਅਤੇ ਦੁਭਾਸ਼ੀਆ ਸੇਵਾਂਵਾ ਜਾਂ ਅਜਿਹਿਆਂ ਸੇਵਾਵਾਂ ਦੇ ਇੰਤਜਾਮ ਬਾਰੇ ਸਾਲਾਹ ਕਾਨੂੰਨੀ ਆਦਾਰੇ ਰਾਹੀਂ ਉਪਲੱਬਧ ਹਨ।**

**ਲਾਇਸੈਂਸ ਪ੍ਰਣਾਲੀ ਕਦੋਂ ਸ਼ੁਰੂ ਹੋਵੇਗੀ?**
ਕਿਊਨਸਲੈਂਡ ਵਿੱਚ ਲਾਇਸੈਂਸ ਪ੍ਰਣਾਲੀ ਸ਼ੁਰੂ ਹੋ ਚੁੱਕੀ ਹੈ ਅਤੇ ਹੋਰ ਰਾਜਾਂ ਅਤੇ ਟੈਰੀਟਰੀਆਂ ਵਿੱਚ ਵੀ ਛੇਤੀ ਸ਼ੁਰੂ ਹੋ ਜਾਵੇਗੀ। ਹੋਰ ਰਾਜਾਂ ਅਤੇ ਟੈਰੀਟਰੀਆਂ ਵਿੱਚ ਅਰਜ਼ੀ ਦਾਖਲ ਕਰਾਉਣ ਦੀਆਂ ਲਗਭੱਗ ਤਰੀਕਾਂ ਹੇਠਾਂ ਹਨ:

| | |
|---|---|
| ਨਾਰਦਰਨ ਟੈਰੀਟਰੀ | ਨਵੰਬਰ 2004 |
| ਏ.ਸੀ.ਟੀ | ਅਪ੍ਰੈਲ 2005 |
| ਵਿਕਟੋਰੀਆ | ਜੁਲਾਈ 2005 |
| ਵੈਸਟਰਨ ਆਸਟ੍ਰੇਲੀਆ | ਅਗਸਤ 2005 |
| ਐਨ.ਐਸ.ਡਬਲਿਯੂ. | ਜੁਲਾਈ 2005 |
| ਸਾਊਥ ਆਸਟ੍ਰੇਲੀਆ | 2005 ਦੇ ਅੱਧ ਵਿੱਚ |
| ਤਸਮਾਨੀਆ | ਜੂਨ 2005(ਖੇਤੀਬਾੜੀ ਤੋ ਇਲਾਵਾ) |

**ਲਾਇਸੈਂਸ ਦੀ ਕੀਮਤ ਕੀ ਹੋਵੇਗੀ?**
ਲਾਇਸੈਂਸ ਦੀ ਕੀਮਤ ਅਤੇ ਸਮਾਂ ਹਰ ਰਾਜ ਵਿੱਚ ਵੱਖਰਾ ਹੋਵੇਗਾ। ਆਪਣੇ ਸੰਬੰਧਿਤ ਕਾਨੂੰਨੀ ਆਦਾਰੇ ਨਾਲ ਸੰਪਰਕ ਕਰਕੇ ਪਤਾ ਕਰੋ।

**ਲਾਇਸੈਂਸ ਅਰਜ਼ੀ ਦੇ ਨਾਲ ਮੈਨੂੰ ਕੀ-ਕੀ ਦੇਣਾ ਪਵੇਗਾ?**
ਐਸ.ਐਸ.ਏ.ਐਨ. ਪ੍ਰਾਪਤ ਕਰਨ ਲਈ ਲਾਇਸੈਂਸ ਲਈ ਸਾਰੀਆਂ ਅਰਜ਼ੀਆਂ ਦੇ ਨਾਲ ਸੁੱਰਖਿਆ ਵਿਉਂਤ ਦਰਜ਼ ਕਰਨੀ ਪਵੇਗੀ ਜਿਸਨੂੰ ਕਾਨੂਨੀ ਆਦਾਰਾ ਤੋਂ ਪਾਸ ਕਰਵਾਉਣਾ ਪਵੇਗਾ। ਸੁੱਰਖਿਆ ਵਿਉਂਤ ਕਾਨੂੰਨੀ ਆਦਾਰੇ ਨੂੰ ਜਾਣਕਾਰੀ ਦੇਵੇਗਾ ਕਿ ਤੁਸੀਂ ਸੁੱਰਖਿਆ ਲੋੜਾਂ ਨੂੰ ਕਿਸ ਤਰਾਂ ਪੂਰਾ ਕਰਦੇ ਹੋ। ਲਾਇਸੈਂਸ ਦੇ ਲਈ ਘੱਟੋ-ਘਟ ਸੁਰੱਖਿਆ ਜਰੂਰਤਾਂ, ਨਿਰਭਰ ਕਰਦੀਆਂ ਹਨ ਤੁਹਾਡੇ ਲਾਇਸੈਂਸ ਦੀਆਂ ਗਤੀਵਿਧੀਆਂ ਉੱਤੇ (ਜਿਵੇਂ ਖੇਤੀਬਾੜੀ ਵਿੱਚ ਵਰਤੋਂ, ਢੁਆਈ, ਜਮ੍ਹਾਂ ਕਰਨਾ)।

ਸੁੱਰਖਿਆ ਵਿਉਂਤ ਦੇ ਤਿੰਨ ਪਹਿਲੂ ਹੋਣਗੇ:

1. ਕਰਮਚਾਰੀ ਪ੍ਰਬੰਧ (ਜਿਸ ਵਿੱਚ ਜਗ੍ਹਾ ਤੇ ਐਸ.ਐਸ.ਏ.ਐਨ. ਤੱਕ ਪਹੁੰਚ ਰੱਖਣ ਵਾਲੇ ਸਾਰੇ ਵਿਆਕਤੀਆਂ ਦੀ ਸੂਚੀ ਹੋਵੇਗੀ)
2. ਜਗ੍ਹਾ ਦੀ ਸੁੱਰਖਿਆ (ਸੁੱਰਖਿਅਤ ਸਟੋਰੇਜ ਜਗ੍ਹਾ ਦੇ ਸਾਰੇ ਲਿਖਤੀ ਵਿਸਥਾਰ); ਅਤੇ
3. ਤਰੀਕੇ (ਸਟੋਰ ਨੂੰ ਸੁੱਰਖਿਅਤ ਰੱਖਣ ਵਾਸਤੇ ਪਹੁੰਚ ਨੂੰ ਸੀਮਿਤ ਕਰਨਾ ਅਤੇ ਰਿਕਾਰਡ ਰੱਖਣ ਅਤੇ ਹਿਸਾਬ ਦੇ ਤਰੀਕੇ)

**ਉਪਭੋਗੀਆਂ ਵਾਸਤੇ**: ਘਟੋ-ਘਟ ਸੁਰੱਖਿਆ ਜਰੂਰਤਾਂ ਇਸ ਤਰਾਂ ਹਨ:

- ਐਸ.ਐਸ.ਏ.ਐਨ. ਜਿੰਦੇ ਵਾਲੀ ਜਗ੍ਹਾ ਜਾਂ ਡੱਬੇ ਵਿੱਚ ਹੋਣਾ ਚਾਹੀਦਾ ਹੈ ਜਾਂ ਹਰ ਵੇਲੇ ਨਿਗਰਾਰਨੀ ਵਿੱਚ ਹੋਵੇ;
- ਇਸ ਸਟੋਰ ਵਾਲੀ ਥਾਂ ਤੱਕ ਪਹੁੰਚ ਨੂੰ ਸੁੱਰਖਿਅਤ ਰੱਖਣ ਲਈ ਵਿਉਂਤ ਹੋਣੀ ਚਾਹੀਦੀ ਹੈ;
- ਐਸ.ਐਸ.ਏ.ਐਨ. ਦੀ ਢੁਆਈ ਸਾਰੀ ਵਾਟ ਪ੍ਰਵਾਨਿਤ ਵਿਆਕਤੀ ਦੀ ਲਗਾਤਾਰ ਨਿਗਰਾਰਨੀ ਵਿੱਚ ਹੋਵੇ;
- ਐਸ.ਐਸ.ਏ.ਐਨ. ਤੱਕ ਬਿਨਾ ਨਿਗਰਾਨੀ ਪਹੁੰਚ ਕਰਨ ਵਾਲੇ ਵਿਆਕਤੀਆਂ ਦੀ ਜਾਂਚ ਅਤੇ ਮਨਜ਼ੂਰੀ ਕਰਨ ਦੇ ਤਰੀਕੇ ਹੋਣੇ ਚਾਹੀਦੇ ਹਨ, ਜਿਹਨਾਂ ਵਿੱਚ:
    - ◊ ਜੁੰਮੇਵਾਰ ਵਿਆਕਤੀ (ਆਮ ਤੌਰ ਤੇ ਲਾਇਸੈਂਸ ਵਾਲਾ) ਨੂੰ ਸੁੱਰਖਿਆ ਵਿਉਂਤ ਲਾਗੂ ਰਖਣ ਦੀ ਡਿਊਟੀ;
    - ◊ ਯਕੀਨੀ ਬਣਾਉ ਕਿ ਬਿਨਾ ਨਿਗਰਾਨੀ ਐਸ.ਐਸ.ਏ.ਐਨ. ਤੱਕ ਪਹੁੰਚ ਰੱਖਣ ਵਾਲੇ ਵਿਆਕਤੀ ਦੀ ਪੁਲਿਸ ਅਤੇ ਸੁੱਰਖਿਆ ਜਾਂਚ ਹੋਵੇ; ਅਤੇ
    - ◊ ਕਰਮਚਾਰੀਆਂ ਨੂੰ ਸੁੱਰਖਿਆ ਵਿਉਂਤ ਪ੍ਰਣਾਲੀ ਵਾਰੇ ਹਿਦਾਇਤਾਂ ਹੋਣ;
- ਐਸ.ਐਸ.ਏ.ਐਨ. ਦੀ ਖਰੀਦ ਅਤੇ ਵਰਤੋਂ ਦੇ ਰੀਕਾਰਡ ਰੱਖਣੇ, ਜਿਸ ਵਿੱਚ ਆਉਣ ਅਤੇ ਬਾਹਰ ਜਾਣ ਦੀ ਮਾਤਰਾ ਦਾ ਮੇਲ਼ ਰੱਖਿਆ ਜਾਵੇ; ਅਤੇ
- ਕਾਨੂੰਨੀ ਆਦਾਰਿਆਂ ਨੂੰ ਨਾਸਮਝ ਆਉਣ ਵਾਲੇ ਘਾਟੇ, ਚੋਰੀ, ਚੋਰੀ ਦੀ ਕੋਸ਼ਿਸ਼ ਜਾਂ ਹੋਰ ਕੋਈ ਐਸ.ਐਸ.ਏ.ਐਨ ਨਾਲ ਸੰਬੰਧਿਤ ਸੁੱਰਖਿਆ ਘਟਨਾ ਰੀਪੋਰਟ ਕਰਨ ਦੇ ਤਰੀਕੇ ਹੋਣੇ ਚਾਹੀਦੇ ਹਨ।

**ਨੋਟ**: ਐਸ.ਐਸ.ਏ.ਐਨ ਨੂੰ ਸਟੋਰ ਅਤੇ ਢੁਆਈ ਕਰਨ ਵਾਲੇ ਵਿਆਕਤੀਆਂ ਦੀਆਂ ਘਟੋ-ਘਟ ਸੁੱਰਖਿਆ ਜਰੂਰਤਾਂ ਉਪਭੋਗੀਆਂ ਨਾਲੋਂ ਵੱਖਰੀਆਂ ਹੋ ਸਕਦੀਆਂ ਹਨ। ਜਾਣਕਾਰੀ ਲਈ ਢੁੱਕਵੇਂ ਕਾਨੂੰਨੀ ਆਦਾਰੇ ਦੀ ਸਲਾਹ ਕਰੋ।

**ਮੈਂ ਕੀ ਕਰਾਂ ਜੇ ਮੇਰੀ ਸੰਪਤੀ ਹੋਰ ਰਾਜਾਂ ਜਾਂ ਟੈਰੀਟਰੀਸ ਵਿੱਚ ਵੀ ਹਨ?**
ਅਰਜ਼ੀਕਰਤਾ ਜਿਸ ਦੀ ਸੰਪਤੀ ਦੂਜੇ ਰਾਜ/ਟੈਰੀਟਰੀ ਵਿੱਚ ਜਾਂ ਬਾਰਡਰ ਤੇ ਦੂਜੇ ਪਾਸੇ ਹਨ, ਪਹਿਲਾਂ ਉਸਨੂੰ ਉਸ ਰਾਜ/ਟੈਰੀਟਰੀ ਦੇ ਕਾਨੂੰਨੀ ਆਦਾਰੇ ਕੋਲ ਅਪਲਾਈ ਕਰਨਾ ਪਵੇਗਾ ਜਿੱਥੇ ਉਹ ਐਸ.ਐਸ.ਏ.ਐਨ. ਨੂੰ ਰੱਖੇਗਾ। ਅਰਜ਼ੀ ਦਾਖਲ ਕਰਨ ਵੇਲੇ ਕਾਨੂੰਨੀ ਆਦਾਰਾ ਸਲਾਹ ਦੇਵੇਗਾ ਕਿ ਹੋਰ ਕਿਹੜੇ ਆਦਾਰਿਆਂ ਨਾਲ ਸੰਪਰਕ ਕਰਨਾ ਜਰੂਰੀ ਹੈ। ਜੇ ਹੋਰ ਪਾਸੇ ਵਾਧੂ ਲਾਇਸੈਂਸ ਦੀ ਲੋੜ ਹੈ, ਤਾਂ ਖਰਚ ਨੂੰ ਘਟਾਉਣ ਲਈ ਤੁਹਾਡੀ ਮੁੱਢਲੀ ਲੋੜ ਅਧੀਨ ਜਾਰੀ ਹੋਏ ਲਾਇਸੈਂਸ ਨੂੰ ਮੁੱਦੇ-ਨਜ਼ਰ ਰੱਖਿਆ ਜਾਵੇਗਾ।

**ਵਧੇਰੇ ਜਾਣਕਾਰੀ ਲਈ:**
25 ਜੂਨ 2004 ਨੂੰ ਸਰਕਾਰ ਦੇ ਅਮੋਨੀਅਮ ਨਾਈਟਰੇਟ ਵਾਰੇ ਕਾਨੂੰਨ ਬਣਾਉਣ ਸੰਬੰਧੀ ਫ਼ੈਸਲਾ, ਕਿਰਪਾ ਕਰਕੇ ਹੇਠ ਦਿੱਤੇ ਵੈਬਸਾਈਟ ਨੂੰ ਦੇਖੋ: http://www.coag.gov.au/meetings/250604/index.htm

ਐਸ.ਐਸ.ਏ.ਐਨ. ਦੀ ਢੁਆਈ, ਜਮ੍ਹਾਂ, ਖੇਤੀਬਾੜੀ ਵਰਤੋਂ ਅਤੇ ਇਸਨੂੰ ਸਟੋਰ ਕਰਨ ਲਈ ਜਗ੍ਹਾ ਬਾਰੇ ਜਾਣਕਾਰੀ ਲੈਣ ਲਈ ਰਾਸ਼ਟਰੀ ਸੁੱਰਖਿਆ ਦਾ ਵੈਬਸਾਈਟ ਦੇਖੋ: www.nationalsecurity.gov.au ਅਤੇ ਇਸ ਵਿੱਚ ਲਿੰਕਸ ਉੱਤੇ ਕਲਿੱਕ ਕਰੋ।